ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ
ਫੋਨ ਨੰ: 0172-2624673, ਫੈਕਸ ਨੰ: 2624687 ਈ-ਮੇਲ : dgsepunjab18@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)/(ਐ.ਸਿ)ਪੰਜਾਬ।
ਸਮੂਹ ਮੁੱਖੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ।
ਸਮੂਹ ਮੁੱਖੀ ਸਰਕਾਰੀ ਹਾਈ ਸਕੂਲ।
ਸਮੂਹ ਮੁੱਖੀ ਸਰਕਾਰੀ ਮਿਡਲ ਸਕੂਲ।
ਸਮੂਹ ਮੁੱਖੀ ਸਰਕਾਰੀ ਪ੍ਰਾਇਮਰੀ ਸਕੂਲ।

ਮੀਮੋ ਨੰ: ਕੋਆਰਡੀਨੇਸ਼ਨ/2013/1840
ਮਿਤੀ,ਚੰਡੀਗੜ੍ਹ: 30.1.2013

ਵਿਸ਼ਾ: ਧਾਰਮਿਕ ਸਥਾਨਾਂ ਤੇ ਵੱਜਦੇ ਲਾਊਡ ਸਪੀਕਰਾਂ ਦੁਆਰਾ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਵਿਘਨ ਪਾਉਣ ਤੋਂ ਰੋਕਣ ਬਾਰੇ।

1.0 ਉਕਤ ਵਿਸ਼ੇ ਬਾਰੇ ਆਪ ਦਾ ਧਿਆਨ ਇਸ ਦਫਤਰ ਦੇ ਪੱਤਰ ਨੰ: ਕੋਆਰਡੀਨੇਸ਼ਨ/2012/91421 ਮਿਤੀ 31.12.2012 ਵੱਲ ਦਿਵਾਇਆ ਜਾਂਦਾ ਹੈ। ਜਿਸ ਰਾਹੀਂ ਆਪ ਜੀ ਨੂੰ ਕਿਹਾ ਗਿਆ ਸੀ ਕਿ ਆਪਣੇ ਇਲਾਕਿਆਂ ਅੰਦਰ ਪੈਂਦੇ ਸਮੂਹ ਧਾਰਮਿਕ ਸਥਾਨਾਂ ਦੇ ਪ੍ਰਬੰਧਕਾ ਨੂੰ ਬੇਨਤੀ ਕੀਤੀ ਜਾਵੇ ਕਿ ਵਿਦਿਆਰਥੀਆਂ ਦੀ ਪੜ੍ਹਾਈ ਹਿੱਤ ਆਵਾਜ਼ ਪ੍ਰਦੂਸ਼ਣ ਸਬੰਧੀ ਬਣੇ ਕਾਨੂੰਨ ਅਨੁਸਾਰ ਧਰਾਮਿਕ ਸਥਾਨਾਂ ਦੇ ਲਾਊਡ ਸਪੀਕਰਾਂ ਦੀ ਆਵਾਜ਼ ਧਾਰਮਿਕ ਸਥਾਨ ਦੀ ਹਦੂਦ ਤੱਕ ਸੀਮਤ ਰੱਖੀ ਜਾਵੇ। ਕਾਫੀ ਸਕੂਲ ਮੁੱਖੀਆਂ ਵੱਲੋਂ ਬੱਚਿਆਂ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਪੰਚਾਇਤ ਦੇ ਸਹਿਯੋਗ ਨਾਲ ਧਾਰਮਿਕ ਸਥਾਨ ਦੇ ਪ੍ਰਬੰਧਕਾਂ ਨੂੰ ਬੇਨਤੀ ਕਰਕੇ ਇਹਨਾਂ ਸਥਾਨਾਂ ਤੇ ਵੱਜਦੇ ਲਾਊਡ ਸਪੀਕਰਾਂ ਦੀ ਆਵਾਜ਼ ਨੂੰ ਧਾਰਮਿਕ ਸਥਾਨ ਦੀ ਹਦੂਦ ਅੰਦਰ ਰੱਖਣ ਲਈ ਸਲਾਘਾਯੋਗ ਉਪਰਾਲੇ ਕੀਤੇ ਗਏ ਹਨ ਅਤੇ ਕਾਫੀ ਥਾਵਾਂ ਤੇ ਉਚੀ ਵੱਜਦੇ ਲਾਊਡ ਸਪੀਕਰਾਂ ਦੀ ਆਵਾਜ਼ ਬੰਦ ਹੋਣ ਸਦਕਾ ਵਿਦਿਆਰਥੀਆਂ ਦੀ ਪੜ੍ਹਾਈ ਹਿੱਤ ਸਰਾਥਕ ਮਾਹੌਲ ਸਿਰਜਿਆ ਗਿਆ ਹੈ ।

2.0 ਇਸ ਦਫਤਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਮ੍ਰਿਤਸਰ ਨੂੰ ਬੇਨਤੀ ਕੀਤੀ ਗਈ ਸੀ ਕਿ ਲਾਊਡ ਸਪੀਕਰਾਂ ਸਬੰਧੀ ਬਣੇ ਕਾਨੂੰਨ ਅਤੇ ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮਾ ਮਿਤੀ 23.11.2005 ਦੇ ਸਨਮੁੱਖ ਸਮੂਹ ਗੁਰਦੁਆਰਾ ਸਾਹਿਬਾਨ ਨੂੰ ਬੇਨਤੀ ਕੀਤੀ ਜਾਵੇ ਕਿ ਇਹਨਾਂ ਅੰਦਰ ਵੱਜਦੇ ਲਾਊਡ ਸਪੀਕਰਾਂ ਦੀ ਆਵਾਜ਼ ਲੋਕ ਹਿੱਤ ਅਤੇ ਵਿਦਿਆ ਦੇ ਹਿੱਤ ਵਿੱਚ ਗੁਰਦੁਆਰਾ ਸਾਹਿਬਾਨਾਂ ਦੀ ਹਦੂਦ ਅੰਦਰ ਤੱਕ ਹੀ ਸੀਮਤ ਕਰਵਾਉਣ ਦੀ ਕਿਰਪਾਲਤਾ ਕੀਤੀ ਜਾਵੇ । ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਜਾਰੀ ਕੀਤੇ ਪੱਤਰ ਨੰ: 10535/8 ਮਿਤੀ 29.1.2013 ਰਾਹੀਂ ਗੁਰਦੁਆਰਾ ਸਾਹਿਬਾਨ ਵਿੱਚ ਵੱਜਦੇ ਲਾਊਡ ਸਪੀਕਰਾਂ ਦੀ ਆਵਾਜ਼ ਗੁਰਦੁਆਰਾ ਸਾਹਿਬਾਨ ਦੀ ਹਦੂਦ ਤੱਕ ਸੀਮਤ ਰੱਖਣ ਲਈ ਕਿਹਾ ਗਿਆ ਹੈ । ਜਿਸ ਦੀ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ। ਇਹ ਆਪ ਜੀ ਦੀ ਜਾਣਕਾਰੀ ਅਤੇ ਜ਼ਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-
ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਤਾਰ ਦਾ ਪਤਾ :-
"ਸ਼੍ਰੋਮਣੀ"

੧ੴ ਵਾਹਿਗੁਰੂ ਜੀ ਕੀ ਫ਼ਤਹ ॥

263/8-11/20,000
2553957
2553958
2553959
ਫੈਕਸ-0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ,

ਨੰਬਰ 10535/8 ਸ੍ਰੀ ਅੰਮ੍ਰਿਤਸਰ 29-01-2013

**ਸਮੂੰਹ ਮੈਨੇਜਰ,**
ਗੁਰਦੁਆਰਾ ਸਾਹਿਬਾਨ ਸੈਕਸ਼ਨ-85

**ਪ੍ਰਯੋਜਨ: ਲਾਊਡ ਸਪੀਕਰਾਂ ਦੀ ਅਵਾਜ਼ ਸੀਮਾ ਬਾਰੇ।**

ਇਸ ਦਫ਼ਤਰ ਦੇ ਸਰਕੂਲਰ ਨੰਬਰ 6811 ਮਿਤੀ 10-12-2003, ਨੰਬਰ 7097 ਮਿਤੀ 20-01-2005, ਨੰਬਰ 5691 ਮਿਤੀ 29-09-2005, ਨੰਬਰ 10270 ਮਿਤੀ 08-03-2006 ਅਤੇ ਨੰਬਰ 9245 ਮਿਤੀ 27-12-2008 ਦੇ ਸਬੰਧ ਵਿੱਚ ਮੁੜ ਲਿਖਿਆ ਜਾਂਦਾ ਹੈ ਕਿ ਗੁਰਦੁਆਰਾ ਸਾਹਿਬਾਨ ਵਿਖੇ ਲਗਾਏ ਗਏ ਲਾਊਡ ਸਪੀਕਰਾਂ ਦੀ ਅਵਾਜ਼ ਬਹੁਤ ਉੱਚੀ ਰੱਖੀ ਜਾਂਦੀ ਹੈ। ਜਿਸ ਨਾਲ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਇਕਾਗਰਤਾ ਪ੍ਰਭਾਵਿਤ ਹੁੰਦੀ ਹੈ। ਗੁਰਦੁਆਰਾ ਸਾਹਿਬ ਵਿਖੇ ਲਗਾਏ ਲਾਊਡ ਸਪੀਕਰਾਂ ਦੀ ਅਵਾਜ਼ ਗੁਰਦੁਆਰਾ ਸਾਹਿਬ ਦੇ (ਹਦੂਦ ਅੰਦਰ) ਚੌਗਿਰਦੇ ਤੱਕ ਹੀ ਸੀਮਤ ਰੱਖੀ ਜਾਵੇ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਹੋਏ ਹੁਕਮਨਾਮੇ ਅਤੇ ਦਫ਼ਤਰ ਵਲੋਂ ਹੋਏ ਇਨ੍ਹਾਂ ਸਰਕੂਲਰਾਂ ਪੁਰ ਅਮਲ ਕੀਤਾ ਜਾਵੇ ।

ਦਸਤਖ਼ਤ
**ਸਕਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।